# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ. 313 /ਸੀ.ਓ.ਈ.
ਮਿਤੀ 23/01/2021

## ਜ਼ਰੂਰੀ ਸੂਚਨਾ

ਯੂਨੀਵਰਸਿਟੀ ਵੱਲੋਂ ਸੈਸ਼ਨ 2020-2021 ਦੇ ਅੰਡਰ-ਗਰੈਜੂਏਟ ਕੋਰਸਾਂ ਦੇ ਪਹਿਲੇ ਸਮੈਸਟਰ (ਰੈਗੂਲਰ, ਪ੍ਰਾਈਵੇਟ, ਡਿਸਟੈਂਸ ਐਜੂਕੇਸ਼ਨ) ਅਤੇ ਸਾਰੇ ਕੋਰਸਾਂ ਦੇ odd ਸਮੈਸਟਰ ਦੇ ਰੀ-ਅਪੀਅਰ (ਰੈਗੂਲਰ, ਪ੍ਰਾਈਵੇਟ, ਡਿਸਟੈਂਸ ਐਜੂਕੇਸ਼ਨ) ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਮਿਤੀ 01 ਫਰਵਰੀ, 2021 ਤੋਂ ਸ਼ੁਰੂ ਕਰਵਾਈਆਂ ਜਾ ਰਹੀਆਂ ਹਨ। ਇਨਾਂ ਪ੍ਰੀਖਿਆਵਾਂ ਦੀਆਂ ਡੇਟ-ਸ਼ੀਟਾਂ ਤਿਆਰ ਹੋ ਰਹੀਆਂ ਹਨ ਅਤੇ ਜਲਦੀ ਹੀ ਯੂਨੀਵਰਸਿਟੀ ਵੈਬਸਾਈਟ ਤੇ ਅਪਲੋਡ ਕਰ ਦਿੱਤੀਆਂ ਜਾਣਗੀਆਂ। ਪ੍ਰੀਖਿਆਵਾਂ ਸਬੰਧੀ ਹਦਾਇਤਾਂ ਜਲਦੀ ਹੀ ਜਾਰੀ ਕਰ ਦਿੱਤੀਆਂ ਜਾਣਗੀਆਂ। ਵਿਭਾਗਾਂ/ਕਾਲਜਾਂ ਦੇ ਰੀ-ਅਪੀਅਰ ਵਾਲੇ ਵਿਦਿਆਰਥੀ ਅਤੇ ਸਾਰੇ ਪ੍ਰਾਈਵੇਟ ਵਿਦਿਆਰਥੀ (ਸਾਰੇ ਵਿਸ਼ੇ ਅਤੇ ਰੀ-ਅਪੀਅਰ) ਆਪਣੇ ਰੋਲ ਨੰਬਰ ਮਿਤੀ 25.01.2021 ਦੁਪਹਿਰ ਬਾਅਦ ਤੋਂ ਅਤੇ ਵਿਭਾਗਾਂ/ਕਾਲਜਾਂ ਦੇ ਰੈਗੂਲਰ (ਸਾਰੇ ਵਿਸ਼ੇ) ਵਿਦਿਆਰਥੀ ਆਪਣੇ ਰੋਲ ਨੰਬਰ ਮਿਤੀ 27.01.2021 ਤੋਂ ਦੁਪਹਿਰ ਬਾਅਦ ਯੂਨੀਵਰਸਿਟੀ ਵੈਬਸਾਈਟ ਤੋਂ ਡਾਊਨਲੋਡ ਕਰ ਸਕਦੇ ਹਨ। ਵਿਭਾਗਾਂ/ਕਾਲਜਾਂ ਦੇ ਰੈਗੂਲਰ ਅਤੇ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰੀਖਿਆਵਾਂ ਸਬੰਧੀ ਜਾਣਕਾਰੀ ਲਈ ਆਪਣੇ ਵਿਭਾਗ/ਕਾਲਜ ਨਾਲ ਤੁਰੰਤ ਸੰਪਰਕ ਕਰਨ। ਪ੍ਰਾਈਵੇਟ ਵਿਦਿਆਰਥੀ (ਪੂਰੇ ਵਿਸ਼ੇ ਅਤੇ ਰੀ-ਅਪੀਅਰ) ਨੂੰ ਪ੍ਰੀਖਿਆਵਾਂ ਸਬੰਧੀ ਜਾਣਕਾਰੀ ਯੂਨੀਵਰਸਿਟੀ ਵੈਬਸਾਈਟ ਤੇ ਜਨਤਕ ਨੋਟਿਸ ਰਾਹੀਂ ਦਿੱਤੀ ਜਾਵੇਗੀ। ਸਾਰੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਵੈਬਸਾਈਟ ਸਮੇਂ-ਸਮੇਂ ਚੈੱਕ ਕਰਦੇ ਰਹਿਣ।

23/1/21
ਕੰਟਰੋਲਰ (ਪ੍ਰੀਖਿਆਵਾਂ)

Scanned with CamScan